ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਜਿਵੀਂ ਮੰਜ਼ਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
ਵਜ਼ੀਫ਼ਾ ਸ਼ਾਖਾ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
ਪੰਜਾਬ।

ਮੀਮੋ ਨੰ.1/71-2019ਵਜ਼ੀਫ਼ਾ(2) | 2020214641
ਮਿਤੀ - 7 - 9 - 2020

ਵਿਸ਼ਾ:- ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਨੂੰ ਸੈਸ਼ਨ 2020-21 ਦੌਰਾਨ ਵਜ਼ੀਫ਼ਾ ਦੇਣ ਬਾਰੇ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਉਸਾਰੀ ਕਿਰਤੀਆਂ ਅਤੇ ਉਨਾਂ ਦੇ ਪਰਿਵਾਰ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕਸਟਰਕਸ਼ਨ ਵਰਕਰਜ਼ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ਼ ਸਰਵਿਸ)ਐਕਟ, 1996 ਅਧੀਨ ਬਣਾਏ ਪੰਜਾਬ ਰੂਲਜ਼ ਦੇ ਰੂਲ 263 ਅਧੀਨ ਕੀਤੇ ਉਪਬੰਧ ਅਨੁਸਾਰ ਕਿਰਤ ਭਲਾਈ ਸਕੀਮ ਦਾ ਉਪਬੰਧ ਕੀਤਾ ਹੋਇਆ ਹੈ, ਇਸ ਭਲਾਈ ਸਕੀਮ ਦਾ ਨਾਮ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜ਼ੀਫ਼ਾ ਦੇਣ ਬਾਰੇ ਹੈ। ਇਸ ਸਕੀਮ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

**ਵਜ਼ੀਫ਼ਾ ਸਕੀਮ ਦੀਆਂ ਸ਼ਰਤਾਂ:-**

1. ਪੰਜੀਕ੍ਰਿਤ ਲਾਭਪਾਤਰੀਆਂ ਦੇ ਬੱਚਿਆਂ ਨੂੰ ਹੀ ਵਜ਼ੀਫ਼ੇ ਦਾ ਲਾਭ ਦਿੱਤਾ ਜਾਵੇਗਾ
2. ਲਾਭਪਾਤਰੀਆਂ ਨੂੰ ਘਰ ਦੀ ਪੜ੍ਹਾਈ ਜਾਂ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸ ਵਿੱਚ ਪੜ੍ਹਨ ਲਈ ਵਜ਼ੀਫ਼ਾ ਦਿੱਤਾ ਜਾਵੇਗਾ
3. ਪਿਛਲੀ ਕਲਾਸ ਵਿੱਚ ਫੇਲ ਹੋਏ ਕਲਾਸ ਵਿੱਚ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ।
4. ਜੇਕਰ ਲਾਭਪਾਤਰੀਆਂ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ /ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸ ਨੂੰ ਬੋਰਡ ਵੱਲੋਂ ਇਸ ਸਕੀਮ ਅਧੀਨ ਲਾਭ ਦਿੱਤਾ ਜਾਵੇਗਾ
5. ਸਬੰਧਤ ਵਿਦਿਅਕ ਅਦਾਰੇ ਪਾਸੋਂ ਪੜ੍ਹਾਈ ਸਬੰਧੀ ਸਰਟੀਫਿਕੇਟ ਪ੍ਰਾਪਤ ਕਰਕੇ ਅਪਲਾਈ ਕਰਨਾ ਹੋਵੇਗਾ।

ਉਕਤ ਸਕੀਮ ਦੇ ਸਬੰਧ ਵਿੱਚ ਆਪ ਨੂੰ ਸਕੀਮ ਦੇ ਪ੍ਰੋਫਾਰਮੇ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ /ਪ੍ਰਿੰਸੀਪਲਾ ਨੂੰ ਹਦਾਇਤ ਕੀਤੀ ਜਾਵੇ ਕਿ ਸਕੀਮ ਦੀਆਂ ਹਦਾਇਤਾਂ ਅਤੇ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ। ਜੇਕਰ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚੇ ਕੋਈ ਹੋਰ ਵਜ਼ੀਫ਼ਾ ਸਕੀਮ ਅਧੀਨ ਲਾਭ ਲੈ ਰਹੇ ਹਨ ਤਾਂ ਵੀ ਉਨਾਂ ਬੱਚਿਆਂ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ।

ਨੱਥੀ:- ਪ੍ਰੋਫਾਰਮਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।
ਐਂਡੋ.ਸੰਖਿਆ-5/1(7)/ਵਜ਼ੀਫ਼ਾ/2020-21 ਮਿਤੀ 8/9/2020

ਸਹਾਇਕ ਡਾਇਰੈਕਟਰ ਵਜ਼ੀਫ਼ਾ

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ [illegible]
[illegible]

8/9/2020
ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
ਮਾਨਸਾ

Scanned with CamScanner
Scanned with CamScanner

## ਪੰਜਾਬ ਲੇਬਰ ਵੈਲਫੇਅਰ ਬੋਰਡ

### ਉਦਯੋਗਿਕ ਕਿਰਤੀਆਂ ਦੇ ਬੱਚਿਆਂ ਨੂੰ ਵਜੀਫੇ ਸਕੀਮ ਦੇਣ ਸਬੰਧੀ ਪ੍ਰਾਥਨਾ ਪੱਤਰ

1. ਵਿਦਿਆਰਥੀ ਦਾ ਨਾਂ (ਮੋਟੇ ਅੱਖਰਾਂ ਵਿੱਚ) ____________________
2. ਪਿਤਾ ਦਾ ਨਾਂ (ਪੂਰੇ ਪਤੇ ਸਮੇਤ) ____________________
3. ਨੌਕਰੀ ਤੇ ਲੱਗਣ ਦੀ ਮਿਤੀ ____________________
4. ਅਹੁੱਦਾ ____________________
5. ਅਦਾਰੇ ਦਾ ਨਾਂ( ਕੀ ਇਹ ਫੈਕਟਰੀ ਐਕਟ ਅਧੀਨ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ ਅਨੁਸਾਰ ਰਜਿ:ਅਦਾਰਾ ਹੈ ਜਿਸ ਵਿੱਚ ਪਿਤਾ/ਮਾਤਾ ਗਾਰਡੀਅਨ ਕੰਮ ਕਰਦੇ ਹਨ) ____________________
6. ਪਿਤਾ/ਮਾਤਾ/ਗਾਰਡੀਅਨ ਦੀ ਕੁਲ ਮਾਸਿਕ ਤਨਖਾਹ(ਪਤੀ,ਪਤਨੀ ਦੀ ਇੱਕਠੀ ਤਨਖਾਹ ਦੱਸੀ ਜਾਏ ਸਬੂਤ ਵਜੋ ਫੈਕਟਰੀ/ਮੈਨਜਮੈਂਟ ਦੇ ਸਰਟੀ-ਫਿਕੇਟ ਪਿਛਲੇ ਪਾਸੋਂ ਤਸਦੀਕ ਹੈ। ____________________
7. ਵਿਦਿਆਰਥੀ ਵਲੋਂ ਜਿਸ ਸਾਲ(ਪਿਛਲੇ ਸਰਟੀ-ਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਸਮੇਤ)ਪ੍ਰੀਖਿਆ ਪਾਸ ਕੀਤੀ ਗਈ। ____________________
8. ਜਮਾਤ ਜਾਂ ਤਕਨੀਕੀ ਕੋਰਸ ਜਿਸ ਵਿੱਚ ਦਾਖਲਾ । ਲਿਆ ਹੈ ਅਤੇ ਦਾਖਲ ਹੋਣ ਦੀ ਮਿਤੀ। ____________________
9. ਮਾਨਤਾ ਪ੍ਰਾਪਤ ਸਕੂਲ/ਕਾਲਜ ਜਾਂ ਸੰਸਥਾਂ ਦਾ ਨਾਂ ਜਿਸ ਵਿੱਚ ਦਾਖਲਾ ਲਿਆ ਹੈ(ਦਾਖਲੇ ਸਬੰਧੀ ਸੰਸਥਾ ਦੇ ਮੁੱਖੀ ਤੇ ਸਰਟੀਫਿਕੇਟ ਪਿਛਲੇ ਪਾਸੋਂ ਤਸਦੀਕ ਹੈ)। ____________________
10. ਹਾਇਰ ਸੈਕੰਡਰੀ ਜਾਂ ਪ੍ਰੈਪ ਪ੍ਰੀਖਿਆ ਵਿੱਚੋਂ ਜਿੰਨੇ ਪ੍ਰਤੀਸਤ ਨੰਬਰ ਲਏ ਹਨ(ਵੇਰਵੇ ਲਈ ਨੰਬਰਾਂ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋਕਾਪੀ ਨਾਲ ਨੱਥੀ ਹੈ)। ____________________
11. ਜੇ ਕੋਈ ਵਜੀਫਾ ਜਾਂ ਵਿੱਤੀ ਸਹਾਇਤਾ ਕਿਸੇ ਅਦਾਰੇ ਤੋਂ ਲੈ ਰਹੇ ਹੋ ਤਾਂ ਉਸ ਨੂੰ ਵੀ ਵਜੀਫਾ ਦਿੱਤਾ ਜਾਵੇਗਾ। ____________________
12. ਕਿਰਤੀ ਬੋਰਡ ਦੀ ਅੰਸ਼ਦਾਨ ਸਕੀਮ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੈ। ਸਬੂਤ ਨੱਥੀ ਕੀਤਾ ਜਾਵੇ। ____________________

ਮੈਂ ਸੱਚੇ ਦਿਲੋਂ ਇਹ ਐਲਾਨ ਕਰਦਾ ਹਾ/ ਕਰਦੀ ਹਾਂ ਕਿ ਮੈਂ ਪਿਛਲੀ ਪਾਸ ਕੀਤੀ ਸਾਲਾਨਾ ਪ੍ਰੀਖਿਆ ਵਿੱਚੋ ਫੇਲ ਨਹੀ ਹੋਇਆ ਅਤੇ ਉਪਰ ਦਿੱਤੇ ਗਏ ਵੇਰਵੇ ਠੀਕ ਹੈ।

ਵਿਦਿਆਰਥੀ ਦੇ ਹਸਤਾਖਰ

ਪਿਤਾ/ਮਾਤਾ ਗਾਰਡੀਅਨ ਦੇ ਹਸਤਾਖਰ (ਇਹ ਹਸਤਾਖਰ ਉਸ ਕਿਰਤੀ ਵਲੋਂ ਹੋਣੇ ਚਾਹੀਦੇ ਹਨ ਜਿਹੜਾ ਕਿ ਦਫਤਰੀ ਵਿੱਚ ਕੰਮ ਕਰਦਾ ਹੈ)।

Scanned with CamScanner

(ਵਜ਼ੀਫਾ ਫਾਰਮ ਦੇ ਕਾਲਮ ਨੰ: 9 ਅਨੁਸਾਰ)

## ਸੰਸਥਾ ਵਲੋਂ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਮਿਸ---------------------ਪੁੱਤਰ/ ਪੁੱਤਰੀ ਸ੍ਰੀ/ਸ੍ਰੀਮਤੀ------------ ਇਸ ਸਕੂਲ/ ਕਾਲਜ/ ਸੰਸਥਾ ਦਾ ਵਿਦਿਆਰਥੀ ਹੈ ਅਤੇ ਕਲਾਸ--------------ਵਿੱਚ ਸਾਲ---------------ਵਿੱਚ ਪੜ੍ਹ ਰਿਹਾ ਹੈ ਅਤੇ ਉਸ ਦਾ ਦਾਖਲਾ ਇਸ ਕਲਾਸ ਵਿੱਚ ਫੇਲ/ ਕੰਪਾਰਟਮੈਂਟ ਹੋਏ ਪ੍ਰੀਖਿਆਰਥੀ ਦੇ ਅਧਾਰ ਤੇ ਨਹੀਂ ਕੀਤਾ ਗਿਆ ਹੈ, ਉਸ ਵਲੋਂ ਪਿਛਲੀ ਪ੍ਰੀਖਿਆ/ਕਲਾਸ-------------------ਮਹੀਨਾ--------------ਸਾਲ ਵਿੱਚ ਵਿਚੋਂ--------------ਨੰਬਰ-------------------ਲੈ ਕੇ ਪਾਸ ਕੀਤੀ ਗਈ ਹੈ।

ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਉਹ ਕਿਸੇ ਸੰਸਥਾ ਤੋਂ ਵਜ਼ੀਫੇ/ਵਿੱਤੀ ਸਹਾਇਤਾ ਨਹੀਂ ਲੈ ਰਿਹਾ/ਲੈ ਰਹੀ ਹੈ ਜਿਸ ਦੀ ਸਾਲਾਨਾ ਰਕਮ ਰੁਪਏ---------------------------ਹੈ।

ਸੰਸਥਾ ਦੇ ਮੁੱਖੀ ਦੇ ਹਸਤਾਖਰ ਅਤੇ ਮੋਹਰ।

ਤਸਦੀਕ ਕੀਤਾ ਜਾਂਦਾ ਹੈ

ਸੰਸਥਾ ਦੇ ਮੁੱਖੀ ਦੇ ਹਸਤਾਖਰ

---

## ਅਦਾਰੇ ਦੇ ਮਾਲਕ ਵਲੋਂ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ-------------------------------ਪੁੱਤਰ/ਪੁੱਤਰੀ ਸ੍ਰੀ-------------------ਅਤੇ ਪਿਤਾ/ਮਾਤਾ/ਸ੍ਰੀ-----------------------------------ਸਾਡੇ ਅਦਾਰੇ ਵਿੱਚ ਬਤੌਰ ਅਹੁੱਦਾ------------------ਮਿਤੀ---------------ਤੋਂ ਕੰਮ ਕਰ ਰਿਹਾ ਹੈ ਤੇ ਉਸ ਦੀ ਕੁੱਲ ਤਨਖਾਹ ਸਾਰੇ ਭੱਤੇ ਮਿਲਾਕੇ ਰੁ:-----------ਹੈ। ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਸਾਡੀ ਫੈਕਟਰੀ ਐਕਟ 1948 ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਹੈ ਅਤੇ ਕਿਰਤੀ ਬੋਰਡ ਦੀ ਯੋਗਦਾਨ ਸਕੀਮ ਅਧੀਨ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਸੀ ਅਤੇ ਕਿਰਤੀ ਦੇ ਹਿੱਸੇ ਦਾ ਅੰਸ਼ਦਾਨ ਮਿਤੀ ----------------ਤੋਂ-----------------ਤੱਕ ਬੋਰਡ ਦੇ ਖਾਤੇ ਵਿੱਚ ਜਮਾਂ ਹੋ ਚੁੱਕਾ ਹੈ ਸਬੂਤ ਨੱਥੀ ਕੀਤਾ ਜਾਂਦਾ ਹੈ।

ਕਿਰਤੀ ਦੇ ਹਸਤਾਖਰ

ਮਾਲਕ ਦੇ ਹਸਤਾਖਰ
(ਸੀਲ ਸਮੇਤ)

ਤਸਦੀਕ ਕੀਤਾ ਜਾਂਦਾ ਹੈ ਮਾਲਕ ਦੇ ਹਸਤਾਖਰ
(ਮੋਹਰ ਸਮੇਤ)

## ਵੈਰੀਫਿਕੇਸ਼ਨ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਰਜੀ ਫਾਰਮ ਵਿੱਚ ਦਰਸਾਏ ਤੱਥ ਨਿਜੀ ਤੌਰ ਤੇ ਮਿਤੀ-----------------ਨੂੰ ਸ੍ਰੀ--------------------------------ਦੁਆਰੇ ਮੌਕੇ ਤੇ ਚੈਕ ਕੀਤੇ ਗਏ ਅਤੇ ਸੂਚਨਾ ਠੀਕ ਪਾਈ ਗਈ, ਇਸ ਨੂੰ ਰੁਪਏ-----------------------------ਦੀ ਰਾਸ਼ੀ ਬਤੌਰ ਵਜ਼ੀਫੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ
ਕਿਰਤ ਇੰਸਪੈਕਟਰ ਦੇ ਹਸਤਾਖਰ
ਅਹੁੱਦਾ ਤੇ ਦਫਤਰ

Scanned with CamScanner